# ਚੀਨ ਸਰਹੱਦ 'ਤੇ ਸ਼ਹੀਦ ਹੋਏ ਡੇਮਰੂ ਖੁਰਦ ਦੇ ਫੌਜੀ ਦਾ ਉਸ ਦੇ ਪਿੰਡ ਵਿੱਚ ਸਰਕਾਰੀ ਸਨਮਾਨਾ ਨਾਲ ਕੀਤਾ ਗਿਆ ਅੰਤਿਮ ਸਸਕਾਰ




ਸਮਾਲਸਰ/ ਗੁਰਜੰਟ ਕਲਸੀ, ਕਮਲਜੀਤ ਭੋਲਾ, ਸਾਧੂ ਸਿੰਘ ਧੰਮੂ

ਚੀਨ ਸਰਹੱਦ 'ਤੇ ਅਰੁਣਾਚਲ ਪ੍ਰਦੇਸ਼ ਵਿਚ ਗਸ਼ਤ ਕਰਦੇ ਸਮੇਂ ਸ਼ਹੀਦ ਹੋਏ ਡੇਮਰੂ ਖੁਰਦ ਦੇ ਫੌਜੀ ਦਾ ਉਸ ਦੇ ਪਿੰਡ ਵਿੱਚ ਫੌਜੀ ਤੇ ਸਰਕਾਰੀ ਸਨਮਾਨਾ ਨਾਲ ਸਸਕਾਰ ਕੀਤਾ ਗਿਆ। ਇਸ ਸਮੇਂ ਫੌਜ ਅਤੇ ਸਿਵਲ ਅਫਸਰਾਂ ਨੇ ਸ਼ਰਧਾਂਜਲੀ ਭੇਟ ਕੀਤੀ।

ਲਖਵੀਰ ਸਿੰਘ (24 ਸਾਲ) ਪੁੱਤਰ ਸਵਰਨ ਸਿੰਘ 4 ਸਿੱਖ ਲਾਈਟ ਇਨਫੈਟਰੀ ਯੂਨਿਟ ਦਾ ਸਿਪਾਹੀ ਸੀ ਅਤੇ ਅਰੁਣਾਚਲ ਪ੍ਰਦੇਸ਼ ਦੇ ਰਿਆਂਗ ਖੇਤਰ ਵਿੱਚ ਨਦੀ 'ਤੇ ਬਣੇ ਆਰਜ਼ੀ ਲੱਕੜ ਦੇ ਪੁਲ ਤੋਂ ਗਸ਼ਤ ਦੌਰਾਨ ਡਿੱਗੇ ਆਪਣੇ ਸਾਥੀ ਨੂੰ ਬਚਾਉਂਦਿਆਂ ਸ਼ਹੀਦ ਹੋ ਗਿਆ ਸੀ।

ਲਖਵੀਰ ਸਿੰਘ ਦੀ ਵਿਧਵਾ ਨਵਦੀਪ ਕੌਰ, ਮਾਤਾ ਜਸਵੀਰ ਕੌਰ, ਪਿਤਾ ਸਵਰਨ ਸਿੰਘ ਭੈਣਾਂ ਅਤੇ ਰਿਸ਼ਤੇਦਾਰਾਂ ਨੇ ਸ਼ਰਧਾਜਲੀਆਂ ਭੇਟ ਕੀਤੀਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਰਿਵਾਰ ਨੂੰ 50-50 ਲੱਖ ਐਕਸਗ੍ਰੇਸ਼ੀਆ ਗ੍ਰਾਂਟ ਦੇਣ, ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਾ ਐਲਾਨ ਕੀਤਾ ਸੀ।

ਬਾਘਾਪੁਰਾਣਾ ਦੇ ਵਿਧਾਇਕ ਦਰਸ਼ਨ ਸਿੰਘ ਬਰਾੜ ਨੇ ਐਲਾਨ ਕੀਤਾ ਕਿ ਡੇਮਰੂ ਪਿੰਡ ਦੇ ਸ਼ਹੀਦ ਹੋਏ ਫੌਜੀ ਦੀ ਯਾਦਗਾਰ ਬਣਾਈ ਜਾਵੇਗੀ। ਉਹ ਆਪਣੇ ਅਖਤਿਆਰੀ ਫੰਡ ਵਿੱਚੋਂ ਪਿੰਡ ਵਿੱਚ ਪਾਰਕ ਬਣਾਉਣਗੇ ਜਿਸ ਵਿੱਚ ਸ਼ਹੀਦ ਜਵਾਨ ਦਾ ਬੁੱਤ



ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਨੱਥੂਵਾਲਾ ਗਰਬੀ ਤੋਂ ਵਾਇਆ ਡੇਮਰੂ, ਲੰਡੇ, ਸਮਾਲਸਰ ਤੱਕ 18 ਫੁੱਟੀ ਸੜਕ ਵੀ ਸ਼ਹੀਦ ਫੌਜੀ ਨੂੰ ਸਮਰਪਿਤ ਬਣਾਈ ਜਾਵੇਗੀ।

## ਪ੍ਰਭਦੀਪ ਸਿੰਘ ਨੱਥੋਵਾਲ ਨੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋ ਸੰਭਾਲਿਆ ਅਹੁਦਾ

### ਦਫ਼ਤਰੀ ਕਰਮਚਾਰੀਆਂ ਦੀ ਮੀਟਿੰਗ ਬੁਲਾ ਕੇ ਮਿਹਨਤ, ਲਗਨ, ਤਨਦੇਹੀ ਨਾਲ ਡਿਊਟੀ ਕਰਨ ਲਈ ਪ੍ਰੇਰਿਆ



ਮੋਗਾ/ ਭਵਨਦੀਪ ਸਿੰਘ ਪੁਰਬਾ

ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਜ਼ਿਲ੍ਹਾ ਮੋਗਾ ਦਫ਼ਤਰ ਵਿੱਚ ਸ੍ਰੀ ਪ੍ਰਭਦੀਪ ਸਿੰਘ ਨੱਥੋਵਾਲ ਨੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋ ਅਹੁਦਾ ਸੰਭਾਲ ਲਿਆ ਹੈ। ਉਹ ਲੁਧਿਆਣਾ ਤੋਂ ਬਦਲ ਕੇ ਮੋਗਾ ਵਿਖੇ ਆਏ ਹਨ।

ਸ੍ਰੀ ਪ੍ਰਭਦੀਪ ਸਿੰਘ ਨੱਥੋਵਾਲ ਨੇ ਆਪਣਾ ਅਹੁਦਾ ਸੰਭਾਲਣ ਸਮੇਂ ਦਫ਼ਤਰ ਦੇ ਸਮੂਹ ਕਰਮਚਾਰੀਆਂ ਦੀ ਮੀਟਿੰਗ ਬੁਲਾਈ ਅਤੇ ਉਨ੍ਹਾਂ ਨੂੰ ਟੀਮ ਦੀ ਤਰ੍ਹਾਂ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਸਰਕਾਰ ਵੱਲੋ ਲੋਕ ਹਿੱਤ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਅਤੇ ਹੋਰ ਜਰੂਰੀ ਸੂਚਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਮੀਡੀਆ ਮੈਬਰਾਂ ਅਤੇ ਦਫਤਰੀ ਕਰਮਚਾਰੀਆਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ।

ਸ੍ਰੀ ਪ੍ਰਭਦੀਪ ਸਿੰਘ ਨੇ ਮੋਗਾ ਦੇ ਸਮੂਹ ਪੱਤਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਮੀਦ ਹੈ ਕਿ ਜ਼ਿਲ੍ਹੇ ਅਤੇ ਇਸ ਦੀਆਂ ਸਬਡਿਵੀਜ਼ਨਾਂ ਦੇ ਮੀਡੀਆ ਕਰਮੀਆਂ ਤੋਂ ਪੂਰਨ ਸਹਿਯੋਗ ਮਿਲਦਾ ਰਹੇਗਾ। ਇੱਥੇ ਇਹ ਵੀ ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਭਦੀਪ ਸਿੰਘ ਨੱਥੋਵਾਲ ਲੁਧਿਆਣਾ, ਕਪੂਰਥਲਾ, ਸੰਗਰੂਰ, ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿਖੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਜੋ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

## ਕੋਰੋਨਾ ਪੀੜਤ ਮ੍ਰਿਤਕ ਨਛੱਤਰ ਕੌਰ ਦੀ ਲਾਸ਼ ਦਾ ਪਰਿਵਾਰਕ ਮੈਂਬਰਾਂ ਨੇ ਆਪਣੀ ਜ਼ਮੀਨ 'ਚ ਕੀਤਾ ਅੰਤਿਮ ਸੰਸਕਾਰ



ਬਾਘਾਪੁਰਾਣਾ/ ਰਾਜਿੰਦਰ ਸਿੰਘ ਕੋਟਲਾ

ਪਿਛਲੇ ਕਈ ਦਿਨਾਂ ਤੋਂ ਕੋਰੋਨਾ ਪੀੜਤ ਨਛੱਤਰ ਕੌਰ ਨਿਵਾਸੀ ਜੀ.ਟੀ.ਬੀ ਗੜ੍ਹ ਸਮਾਲਸਰ ਦਾ ਲੁਧਿਆਣਾ ਵਿਖੇ ਇਲਾਜ਼ ਚੱਲ ਰਿਹਾ ਸੀ, ਪਰ ਇਸ ਮਹਾਂਮਾਰੀ ਤੋਂ ਬਚ ਨਹੀਂ ਸਕੀ, ਬੀਤੇ ਹਫਤਿਆਂ ਦੌਰਾਂਨ ਉਸਦੀ ਲੁਧਿਆਣਾ ਵਿਖੇ ਮੌਤ ਹੋ ਗਈ।

ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਮ੍ਰਿਤਕ ਨਛੱਤਰ ਕੌਰ ਦਾ ਅੰਤਿਮ ਸੰਸਕਾਰ ਆਪਣੀ ਜੱਦੀ ਜ਼ਮੀਨ ਵਿਚ ਹੀ ਕੀਤਾ। ਕਿਉਂ ਕਿ ਉਹ ਨਹੀਂ ਚਾਹੁੰਦੇ ਸਨ ਕਿਸੇ ਕਾਰਣ ਕੋਈ ਬਖੇੜਾ ਖੜਾ ਹੋਵੇ। ਪਰਿਵਾਰਕ ਮੈਂਬਰਾਂ ਦਾ ਕਹਿਣਾ ਸੀ ਕਿ ਜੇਕਰ ਕੋਈ ਉਨ੍ਹਾਂ ਨੂੰ ਸਮਸ਼ਾਨ ਘਾਟ ਵਿਚ ਅੰਤਿਮ ਸੰਸਕਾਰ ਕਰਨ ਤੋਂ ਜੇਕਰ ਰੋਕਦਾ ਸੀ ਤਾਂ ਉਨ੍ਹਾਂ ਦਾ ਪਿੰਡ 'ਚ ਝਗੜਾ ਹੋ ਸਕਦਾ ਸੀ, ਜਿਸ ਕਰਕੇ ਉਨ੍ਹਾਂ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆ ਆਪਣੀ ਜ਼ਮੀਨ ਵਿਚ ਹੀ ਕੋਰੋਨਾ ਪੀੜਤ ਨਛੱਤਰ ਕੌਰ ਦਾ ਅੰਤਿਮ ਸੰਸਕਾਰ ਕਰਨਾ ਮੁਨਾਸਿਬ ਸਮਝਿਆਂ।

ਮ੍ਰਿਤਕ ਨਛੱਤਰ ਕੌਰ ਦਾ ਅੰਤਿਮ ਸਸਕਾਰ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਪ੍ਰਸਾਸ਼ਨਿਕ ਅਧਿਕਾਰੀਆਂ ਦੀ ਦੇਖ ਰੇਖ ਵਿਚ ਕੀਤਾ ਗਿਆ, ਤਾਂ ਜੋ ਪ੍ਰਸਾਸ਼ਨ ਵਲੋਂ ਤੈਅ ਕੀਤੇ ਨਿਯਮਾਂ ਦੀ ਉਲੰਘਣਾ ਨਾ ਹੋ ਸਕੇ। ਇਸ ਮੌਕੇ ਨਾਇਬ ਤਹਿਸੀਲਦਾਰ ਗੁਰਵਿੰਦਰ ਸਿੰਘ ਵਿਰਕ ਬਾਘਾਪੁਰਾਣਾ, ਨਾਇਬ ਤਹਿਸੀਲਦਾਰ ਹਰਿੰਦਰਪਾਲ ਸਿੰਘ ਬੇਦੀ ਸਮਾਲਸਰ ਏ.ਐਸ.ਆਈ ਰਾਜ ਸਿੰਘ, ਪਟਵਾਰੀ ਸਨਪ੍ਰੀਤ ਸਿੰਘ, ਜਵਾਈ ਜੀਵਨ ਸਿੰਘ, ਜਗਮੇਲ ਸਿੰਘ ਸਾਬਕਾ ਸਰਪੰਚ, ਸੂਬੇਦਾਰ ਦਰਸਨ ਸਿੰਘ, ਸੁਰਿੰਦਰ ਸਿੰਘ ਮੈਂਬਰ, ਗੁਰਜੀਤ ਸਿੰਘ ਬਰਾੜ, ਸੁਖਵਿੰਦਰ ਸਿੰਘ ਸਮੇਤ ਪੁਲਸ ਮੁਲਾਜ਼ਮ ਸਮੇਤ ਪਰਿਵਾਰਕ ਮੈਂਬਰ ਵੀ ਹਾਜਰ ਰਹੇ।

## ਗੁਰਮੇਲ ਸਿੰਘ ਬੌਡੇ ਨੂੰ ਰੀਟਾਇਰਮੈਂਟ ਤੋਂ ਬਾਅਦ ਨਹੀਂ ਮਿਲਿਆ ਕੋਈ ਲਾਭ



ਮੋਗਾ/ ਭਵਨਦੀਪ ਸਿੰਘ ਪੁਰਬਾ

ਡਿਸਏਬਲਡ ਪਰਸਨਜ਼ ਐਸੋਸੀਏਸ਼ਨ ਦੀ ਮੀਟਿੰਗ ਸੂਬਾ ਪ੍ਰਧਾਨ ਡਾਕਟਰ ਹਰਨੇਕ ਸਿੰਘ ਰੋਡੇ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ। ਇਸ ਵਿੱਚ ਅੰਗਹੀਣਾ ਦੀਆਂ ਮੁਸ਼ਕਲਾਂ ਦੇ ਨਾਲ ਨਾਲ ਇਸ ਜੱਥੇਬੰਦੀ ਦੇ ਆਗੂ ਤੇ ਮੁੱਖ ਬੁਲਾਰੇ ਗੁਰਮੇਲ ਸਿੰਘ ਬੌਡੇ ਜੋ ਕਿ ਉੱਘੇ ਸਾਹਿਤਕਾਰ ਹਨ ਅਤੇ ਪੰਜਾਬੀ ਬੋਲੀ ਨੂੰ ਚੌਵੀ ਕਿਤਾਬਾਂ ਅਰਪਤ ਕਰ ਚੁੱਕੇ ਹਨ। ਉਹਨਾਂ ਦੀ ਦੁਨੀਆਂ ਦੇ ਹੈਰਾਨਕੁਨ ਕਾਰਨਾਂਵੇਂ ਕਰਨ ਵਾਲੇ ਅੰਗਹੀਣਾਂ ਦੀਆਂ ਕੀਰਤੀਆਂ ਤੇ ਲਿਖੀ ਪੁਸਤਕ "ਧਰੂ ਤਾਰੇ" ਨੂੰ ਭਾਸ਼ਾ ਵਿਭਾਗ ਭਾਈ ਵੀਰ ਸਿੰਘ ਜੀ ਪੁਰਸਕਾਰ ਲਈ ਚੋਣ ਕਰ ਚੁੱਕਾ ਹੈ।

ਸਰੀਰਕ ਪੱਖੋਂ ਅੱਸੀ ਪ੍ਰਤੀਸ਼ਤ ਅਪਾਹਜ ਗੁਰਮੇਲ ਸਿੰਘ ਬੌਡੇ ਐਮ.ਏ, ਐਮ.ਐੱਡ. ਲੈਕਚਰਾਰ ਇਤਿਹਾਸ ਇਸ ਸਾਲ ਇਕੱਤੀ ਮਾਰਚ ਨੂੰ ਸਰਕਾਰੀ ਸੀਨੀ ਸੈਕੰਡਰੀ ਸਕੂਲ ਬਿਲਾਸਪੁਰ (ਮੋਗਾ) ਤੋਂ ਸੇਵਾ ਮੁਕਤ ਹੋ ਚੁੱਕੇ ਹਨ। ਪਿਛਲੇ ਦਸ ਸਾਲ ਤੋਂ ਆਰਟਸ ਗਰੁੱਪ ਦੇ ਇਕੱਲੇ ਅਧਿਆਪਕ ਹੋਣ ਕਰਕੇ ਪੰਜ ਵਿਸ਼ੇ ਇਕੱਲੇ ਹੀ ਪੜ੍ਹਾ ਰਹੇ ਸਨ। ਸਕੂਲ ਵਿੱਚ ਆਰਟਸ ਦਾ ਗਰੁੱਪ ਬੰਦ ਹੋਣ ਤੇ ਚਾਰ ਅਧਿਆਪਕ ਪ੍ਰਾਈਵੇਟ ਰੱਖਣ ਤੇ ਪ੍ਰਤੀ ਮਹੀਨਾਂ ਗਰੀਬ ਵਿਦਿ- ਤੇ ਤੀਹ ਹਜ਼ਾਰ ਦਾ ਖਰਚ ਨਾਂ ਪਵੇ ਇਹ ਮਹਿਸੂਸ ਕਰਕੇ ਪਿੰਡ ਦੀਆਂ ਦੋਵੇਂ ਪੰਚਾਇਤਾਂ ਨੇ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਪੱਕੇ ਤੌਰ ਤੇ ਨਵੇਂ ਅਧਿਆਪਕ ਆਉਣ ਤੱਕ ਗੁਰਮੇਲ ਸਿੰਘ ਬੌਡੇ ਦੀਆਂ ਸੇਵਾਵਾਂ ਨਿਰੰਤਰ ਜਾਰੀ ਰੱਖਣ ਲਈ ਮੁੱਖ ਮੰਤਰੀ ਪੰਜਾਬ , ਸਿੱਖਿਆ ਮੰਤਰੀ ਪੰਜਾਬ, ਡਿਪਟੀ ਸਪੀਕਰ ਪੰਜਾਬ , ਹਲਕਾ ਵਿਧਾਇਕ ਰਾਹੀਂ ਮਤੇ ਪਾ ਕੇ ਭੇਜੇ ਗਏ। ਪਰ ਕੋਵਿਡ ਉੱਨੀ ਕਾਰਨ ਇਹ ਮਤੇ ਅਣਗੌਲੇ ਰਹਿ ਗਏ।

ਇਸ ਸਾਲ ਜਨਵਰੀ ਮਹੀਨੇ ਮਿਲਿਆ ਇੱਕ ਸਾਲ ਦਾ ਆਪਸ਼ਨਲ ਵਾਧਾ ਵੀ ਵਿੱਤ ਮੰਤਰੀ ਦੇ ਬਜਟ ਸੈਸ਼ਨ ਦੌਰਾਨ ਰੱਦ ਹੋ ਗਿਆ। ਵਿੱਤ ਮੰਤਰੀ ਨੇ ਵੋਟਾਂ ਤੋਂ ਬਾਅਦ ਸਰਕਾਰ ਬਣਨ ਤੇ ਅੰਗਹੀਣਾਂ ਦੇ ਹਿੱਤਾਂ ਨੂੰ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਜਿਸ ਨੂੰ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕੀਤਾ ਗਿਆ ਸੀ। ਉਸ ਸਮੇਂ ਅੰਗਹੀਣਾਂ ਦੀਆਂ ਪੰਜਾਬ ਪੱਧਰ ਦੀਆਂ ਹੋਈਆਂ ਭਰਵੀਆਂ ਰੈਲੀਆਂ ਵਿੱਚ ਇਹ ਮੰਗ ਕੀਤੀ ਸੀ ਕਿ ਸਰੀਰਕ ਪੱਖੋਂ ਰਿਸ਼ਟ ਪੁਸ਼ਟ ਮੁਲਾਜ਼ਮ ਸੇਵਾ ਮੁਕਤ ਹੋ ਕੇ ਕੋਈ ਹੋਰ ਕੰਮ ਵੀ ਕਰ ਸਕਦਾ ਹੈ ਪਰ ਨਿਗ੍ਹਾ ਤੋਂ ਜਾਂ ਲੱਤ ਬਾਂਹ ਤੋਂ ਆਹਰੀ ਮੁਲਾਜ਼ਮ ਕੋਈ ਹੋਰ ਕੰਮ ਨਹੀਂ ਕਰ ਸਕਦਾ। ਪਰ ਸਰਕਾਰ ਨੇ ਇਹ ਪੱਖ ਸੋਚਿਆ ਹੀ ਨਹੀਂ। ਚਾਹੀਦਾ ਤਾਂ ਇਹ ਸੀ ਕਿ ਜਿੰਨਾਂ ਅੰਗਹੀਣਾਂ ਨੂੰ ਆਪਸ਼ਨਲ ਵਾਧਾ ਮਿਲ ਚੁੱਕਾ ਸੀ ਉਹ ਬਹਾਲ ਰੱਖਿਆ ਜਾਂਦਾ। ਪਰ ਇਸ ਦੇ ਉਲਟ ਗੁਰਮੇਲ ਸਿੰਘ ਬੌਡੇ ਨੂੰ ਅਪ੍ਰੈਲ ਤੋਂ ਲੈ ਕੇ ਜੁਲਾਈ ਤੱਕ ਨਾਂ ਪਿਨਸ਼ਨ, ਨਾਂ ਜੀ.ਪੀ.ਐਫ. ਫੰਡ, ਨਾਂ ਗਰੈਚੁਟੀ ਅਤੇ ਨਾਂ ਹੀਂ ਜੀ.ਆਈ.ਐਸ. ਮਿਲਿਆ ਹੈ।

ਗੁਰਮੇਲ ਸਿੰਘ ਦਿਲ ਦੇ ਮਰੀਜ਼ ਹਨ ਅਤੇ ਪਿਛਲੇ ਸੱਤ ਸਾਲ ਤੋਂ ਪੇਸ ਮੇਕਰ ਪਾਇਆ ਹੋਇਆ ਹੈ। ਜੂਨ ਅਠਾਰਾਂ ਵਿੱਚ ਇਸ ਦੀ ਰੀਪਲੇਸਮੈਂਟ ਤੇ ਦੋ ਲੱਖ ਅਠਤਾਲੀ ਹਜ਼ਾਰ ਤੋਂ ਵੱਧ ਖਰਚ ਆਇਆ। ਰੀਇੰਬਰਸਮੈਂਟ ਕੇਸ ਨੂੰ ਪਾਸ ਕਰਕੇ ਸਰਕਾਰ ਨੇ ਚਾਰ ਲੱਖ ਅਠਾਨਵੇਂ ਹਜ਼ਾਰ ਦਾ ਬਿੱਲ ਪਾਸ ਕਰਕੇ ਭੇਜ ਦਿੱਤਾ। ਇਹ ਗੁਰਮੇਲ ਸਿੰਘ ਬੌਡੇ ਦੀ ਇਮਾਨਦਾਰੀ ਤੇ ਇਖਲਾਕ ਸੀ ਕਿ ਉਹਨਾਂ ਇਹ ਨਜਾਇਜ ਰਕਮ ਲੈਣ ਤੋਂ ਇਨਕਾਰ ਕਰਕੇ ਪਿਛਲੇ ਸਾਲ ਸੱਤ ਨਵੰਬਰ ਨੂੰ ਇਹ ਕੇਸ ਦਰੁਸਤੀ ਲਈ ਵਾਪਸ ਭੇਜ ਦਿੱਤੀ। ਅੱਜ ਅੱਠ ਮਹੀਨੇ ਹੋ ਗਏ ਹਨ ਖਰਚ ਹੋਈ ਅਸਲ ਰਕਮ ਵੀ ਨਹੀਂ ਮਿਲੀ। ਕੀ ਇਹ ਸਰਕਾਰ ਦੀ ਇੱਕ ਅਪਾਹਜ ਮੁਲਾਜ਼ਮ ਦੀ ਇਮਾਨਦਾਰੀ ਦੀ ਸਜ਼ਾ ਹੈ ?

ਗੁਰਮੇਲ ਸਿੰਘ ਬੌਡੇ ਦੀ ਖੱਬੀ ਲੱਤ ਗੋਡੇ ਤੋਂ ਉਪਰੋਂ ਕੱਟੀ ਹੋਈ ਹੈ। ਸਰਕਾਰੀ ਪੱਤਰ ਅਨੁਸਾਰ ਵੱਖ ਵੱਖ ਬਨਾਵਟੀ ਅੰਗ ਲਗਾਓਣ ਵਾਲੀਆਂ ਕੰਪਨੀਆਂ ਦੀਆਂ ਕੁਟੇਸ਼ਨਾ ਲਗਾ ਕੇ ਯੋਗ ਪ੍ਰਣਾਲੀ ਰਾਹੀਂ ਸਤੰਬਰ ਦੋ ਹਜ਼ਾਰ ਤੇਰਾਂ ਤੋਂ ਤਿੰਨ ਵਾਰ ਕੇਸ ਭੇਜਿਆ ਜਾ ਚੁੱਕਾ ਹੈ ਪਰ ਕੋਈ ਅਦਾਇਗੀ ਨਹੀਂ ਹੋਈ। ਇਸ ਦੇ ਬਾਵਜੂਦ ਗੁਰਮੇਲ ਸਿੰਘ ਬੌਡੇ ਨੇ ਪਿਛਲੇ ਦੋ ਸਾਲਾਂ ਵਿੱਚ ਇੱਕ ਵੀ ਕੈਜੂਅਲ ਛੁੱਟੀ ਨਾਂ ਲੈ ਕੇ ਵਿਭਾਗ ਵਿੱਚ ਰੀਕਾਰਡ ਕਾਇਮ ਕੀਤਾ ਹੈ।

ਹੈਂਡੀਕੈਪਡ ਪਰਸਨਜ ਐਸੋਸੀਏਸ਼ਨ ਅਤੇ ਦੇਸ਼ ਵਿਦੇਸ਼ ਦੇ ਸਾਹਿਤਕ ਹਲਕਿਆਂ ਨੇ ਇਸ ਬੇ-ਇਨਸਾਫੀ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਸਰਕਾਰ ਦੇ ਵਤੀਰੇ ਤੇ ਅਫਸੋਸ ਜਹਿਰ ਕੀਤਾ ਹੈ ਕਿ ਸਰਕਾਰ ਗੁਰਮੇਲ ਸਿੰਘ ਬੌਡੇ ਦੀਆਂ ਸਾਰੀਆਂ ਅਦਾਇਗੀਆਂ ਯਕੀਨੀ ਬਣਾਵੇ ਕਿਉਂਕੇ ਉਹ ਜਰੂਰੀ ਦਵਾਈਆਂ ਤੇ ਜਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਏਹਨਾਂ ਵਸੀਲਿਆਂ ਤੇ ਨਿਰਭਰ ਹੈ। ਸਬੰਧਿਤ ਅਧਿਕਾਰੀਆਂ ਨੂੰ ਜੂਨ ਮਹੀਨੇ ਰਜਿਸਟਰਡ ਪੱਤਰ ਵੀ ਪਾਏ ਪਰ ਕੋਈ ਕਾਰਵਾਈ ਨਹੀਂ ਹੋਈ। ਮੀਟਿੰਗ ਦੇ ਅੰਤ ਵਿੱਚ ਵੀਡੀਓ ਕਾਨਫਰੰਸ ਰਾਹੀਂ ਹਾਜ਼ਰ ਹੋਏ ਪੱਤਰਕਾਰਾਂ ਦਾ, ਸਾਹਿਤਕਾਰਾਂ ਦਾ ਅਤੇ ਡਿਸਏਬਲਡ ਪਰਸਨਜ਼ ਐਸੋਸੀਏਸ਼ਨ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਕਲਾਕਾਰਾਂ ਅਤੇ ਸਾਜੀਆਂ ਨੂੰ 165 ਰਾਸ਼ਨ ਕਿੱਟਾਂ ਦਿੱਤੀਆਂ...

### ਡਾ. ਉਬਰਾਏ ਨੇ ਹੀ ਸਾਡੇ ਦੁੱਖ ਅਤੇ ਸਮੱਸਿਆਵਾਂ ਨੂੰ ਸਮਝਿਆ -ਧੰਜ਼ਲ



ਮੋਗਾ/ ਕਮਲਜੀਤ ਸਿੰਘ ਪੁਰਬਾ

ਡਾ. ਐਸ.ਪੀ. ਸਿੰਘ ਉਬਰਾਏ ਜੀ ਦੀ ਰਹਿਨੁਮਾਈ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਵੱਲੋ ਆਪਣੇ ਬਸਤੀ ਗੋਬਿੰਦਗੜ ਮੋਗਾ ਸਥਿਤ ਦਫਤਰ ਵਿੱਚ 165 ਦੇ ਕਰੀਬ ਗਾਇਕਾਂ ਅਤੇ ਉਹਨਾਂ ਦੇ ਸਾਜੀਆਂ ਨੂੰ ਸੁੱਕੇ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ।

ਜਿਕਰਯੋਗ ਹੈ ਕਿ ਡਾ. ਐਸ.ਪੀ. ਸਿੰਘ ਉਬਰਾਏ ਜੀ ਵੱਲੋ ਕਰੋਨਾ ਮਹਾਂਮਾਰੀ ਦੌਰਾਨ ਜਿਨ ਲੋਕਾਂ ਦੇ ਰੁਜਗਾਰ ਬੁਰੀ ਤਰ ਪ੍ਰਭਾਵਿਤ ਹੋਏ ਹਨ, ਉਹਨਾਂ ਸਭ ਵਰਗਾਂ ਲਈ ਸੁੱਕੇ ਰਾਸ਼ਨ ਦਾ ਪ੍ਰਬੰਧ ਕੀਤਾ ਹੈ, ਉਸੇ ਕੜੀ ਤਹਿਤ ਇਸ ਮਹੀਨੇ ਕਰੀਬ 60 ਹਜਾਰ ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਵੰਡਿਆ ਜਾ ਰਿਹਾ ਹੈ, ਜਿਸ ਵਿੱਚ ਵਿਧਵਾ ਔਰਤਾਂ, ਰਾਗੀ, ਢਾਡੀ, ਕਵੀਸ਼ਰ ਅਤੇ ਗ੍ਰੰਥੀ ਸਿੰਘ, ਟੈਕਸੀ ਡ੍ਰਾਈਵਰ, ਕਿੰਨਰ ਅਤੇ ਕਲਾਕਾਰ ਆਦਿ ਸ਼ਾਮਿਲ ਹਨ।

ਮੋਗਾ ਇਕਾਈ ਵੱਲੋਂ ਪਹਿਲਾਂ ਬਣੀਆਂ ਲਿਸਟਾਂ ਮੁਤਾਬਿਕ ਵਿਧਵਾ ਔਰਤਾਂ, ਰਾਗੀ, ਢਾਡੀ, ਕਵੀਸ਼ਰਾਂ ਅਤੇ ਗ੍ਰੰਥੀ ਸਿੰਘਾਂ ਨੂੰ ਰਾਸ਼ਨ ਵੰਡਣ ਉਪਰੰਤ ਅੱਜ ਕਲਾਕਾਰਾਂ ਅਤੇ ਉਹਨਾਂ ਦੇ ਸਾਜੀਆਂ ਨੂੰ 165 ਦੇ ਕਰੀਬ ਰਾਸ਼ਨ ਕਿੱਟਾਂ ਵੰਡੀਆਂ ਗਈਆਂ, ਕਿੱਟਾਂ ਵੰਡਣ ਮੌਕੇ ਕੋਈ ਇਕੱਠ ਨਹੀਂ ਹੋਣ ਦਿੱਤਾ ਗਿਆ ਤੇ ਕੋਵਿਡ 19 ਦੇ ਸਾਰੇ ਨਿਯਮਾਂ ਦਾ ਪਾਲਣ ਕੀਤਾ ਗਿਆ। ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਦੇ ਮੋਗਾ ਜ਼ਿਲ੍ਹਾ ਦੇ ਚੇਅਰਮੈਨ ਮਨਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਹਰਮਿਲਾਪ ਗਿੱਲ, ਮੀਤ ਪ੍ਰਧਾਨ ਪਰਮਜੀਤ ਧੰਜ਼ਲ ਵੱਲੋ ਮੁਹੱਈਆ ਕਰਵਾਈ ਗਈ ਲਿਸਟ ਮੁਤਾਬਿਕ ਇਹ ਰਾਸ਼ਨ ਤਕਸੀਮ ਕੀਤਾ ਗਿਆ।

ਇਸ ਮੌਕੇ ਟਰੱਸਟ ਦੇ ਐਕਟਿੰਗ ਪ੍ਰਧਾਨ ਮਹਿੰਦਰ ਪਾਲ ਲੂੰਬਾ ਅਤੇ ਜਨਰਲ ਸਕੱਤਰ ਦਵਿੰਦਰਜੀਤ ਸਿੰਘ ਗਿੱਲ ਨੇ ਕਿਹਾ ਕਿ ਅਸੀਂ ਸਭ ਲੋੜਵੰਦਾਂ ਦੀ ਸਮੱਸਿਆ ਨੂੰ ਸਮਝਦੇ ਹਾਂ ਤੇ ਉਹਨਾਂ ਵਿੱਚੋਂ ਜਿੰਨੇ ਲੋਕਾਂ ਦੀ ਮੱਦਦ ਕਰ ਸਕਦੇ ਹਾਂ, ਇਮਾਨਦਾਰੀ ਨਾਲ ਕਰ ਰਹੇ ਹਾਂ ਪਰ ਫਿਰ ਵੀ ਬਹੁਤ ਸਾਰੇ ਲੋੜਵੰਦ ਲੋਕ ਰਾਸ਼ਨ ਤੋਂ ਵਾਂਝੇ ਰਹਿ ਜਾਣਗੇ ਤੇ ਸਾਡੀ ਕੋਸ਼ਿਸ਼ ਹੋਵੇਗੀ ਕਿ ਅਗਲੇ ਮਹੀਨੇ ਉਹਨਾਂ ਲੋਕਾਂ ਦੀ ਵੀ ਮੱਦਦ ਕੀਤੀ ਜਾਵੇ। ਇਸ ਮੌਕੇ ਗਾਇਕ ਹਰਮਿਲਾਪ ਗਿੱਲ, ਬੀਬਾ ਪਰਮਜੀਤ ਧੰਜ਼ਲ, ਮਿੰਨੀ ਜਗਮੋਹਨ ਕੌਰ, ਜੱਸ ਸਿੱਧੂ, ਜਸਵਿੰਦਰ ਸਫਰੀ, ਸੋਨਾਕਸ਼ੀ, ਐਸ.ਕੌਰ ਅਤੇ ਪੱਲਵੀ ਨੇ ਡਾ. ਐਸ.ਪੀ. ਸਿੰਘ ਉਬਰਾਏ ਜੀ ਦਾ ਇਸ ਮੁਸੀਬਤ ਦੀ ਘੜੀ ਵਿੱਚ ਕਲਾਕਾਰਾਂ ਅਤੇ ਸਾਜੀਆਂ ਦੀ ਬਾਂਹ ਫੜਨ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪੂਰੀ ਦੁਨੀਆ ਵਿੱਚ ਮਨੁੱਖਤਾ ਦੇ ਅਲਮਬਰਦਾਰ ਵਜੋਂ ਉਭਰੇ ਹਨ, ਜੋ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਭੁੱਖੇ ਲੋਕਾਂ ਦਾ ਪੇਟ ਭਰਨ ਸਮੇਤ ਹੋਰ ਵੀ ਅਨੇਕਾਂ ਸਮਾਜ ਭਲਾਈ ਦੇ ਕੰਮ ਕਰ ਰਹੇ ਹਨ, ਬਾਰੇ ਸੁਣ ਕੇ ਸਿਰ ਆਪਣੇ ਆਪ ਉਹਨਾਂ ਅੱਗੇ ਝੁਕ ਜਾਂਦਾ ਹੈ।

ਇਸ ਮੌਕੇ ਟਰੱਸਟੀ ਸੁਖਦੇਵ ਸਿੰਘ ਬਰਾੜ, ਇਕਬਾਲ ਸਿੰਘ ਖੋਸਾ, ਗੁਰਸੇਵਕ ਸੰਨਿਆਸੀ, ਭਵਨਦੀਪ ਸਿੰਘ ਪੁਰਬਾ, ਜਸਵੰਤ ਸਿੰਘ ਪੁਰਾਣੇਵਾਲਾ, ਜਸਵੀਰ ਕੌਰ, ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ ਬੁੱਘੀਪੁਰਾ, ਪਾਰਸ ਅਰੋੜਾ, ਮਨਮੋਹਨ ਸਿੰਘ ਚੀਮਾ, ਸੁਖਦੀਪ ਕੌਰ, ਨਿਰਜੀਤ ਕੌਰ, ਐਂਕਰ ਸੱਤਪਾਲ ਭੱਟੀ, ਗਾਇਕ ਅਕਾਸ਼ ਡੀ. ਕੇ., ਐਸ. ਕੌਰ, ਪੱਲਵੀ ਅਤੇ ਸੋਨਾਕਸ਼ੀ ਆਦਿ ਹਾਜਰ ਸਨ।

## ਮਹਿਕ ਵਤਨ ਦੀ ਫਾਊਂਡੇਸ਼ਨ ਵੱਲੋਂ ਚੱਲ ਰਹੀਂ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦਾ ਪੁਨਰਗਠਨ

### ਚੇਅਰਮੈਨ ਭਵਨਦੀਪ ਸਿੰਘ ਪੁਰਬਾ ਵੱਲੋਂ ਜਾਰੀ ਕੀਤੇ ਗਏ ਸ਼ਨਾਖ਼ਤੀ ਕਾਰਡ



ਬਾਘਾਪੁਰਾਣਾ/ ਕਮਲਜੀਤ ਸਿੰਘ ਪੁਰਬਾ

ਸ਼ਹਿਰ ਦੇ ਨਾਲ ਲੱਗਦੇ ਪਿੰਡ ਰਾਜਿਆਣਾ ਦੇ ਟੈਂਕੀ ਵਾਲੇ ਗੁਰਦੁਆਰਾ ਸਾਹਿਬ ਵਿਖੇ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੀ ਭਰਵੀਂ ਮੀਟਿੰਗ ਮਹਿਕ ਵਤਨ ਦੀ ਫਾਊਂਡੇਸ਼ਨ ਦੇ ਚੇਅਰਮੈਨ ਭਵਨਦੀਪ ਸਿੰਘ ਪੁਰਬਾ ਦੀ ਪ੍ਰਧਾਨਗੀ ਹੇਠ ਕੀਤੀ ਗਈ।

ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈਸ ਸਕੱਤਰ ਗਿਆਨੀ ਗੁਰਦੀਪ ਸਿੰਘ ਖੋਸਾ ਕੋਟਲਾ ਵਾਲਿਆਂ ਨੇ ਦੱਸਿਆ ਕਿ ਏਸ ਮੌਕੇ ਬੀਤੇ ਦਿਨੀਂ ਨਿਯੁਕਤ ਕੀਤੇ ਗਏ ਨਵੇਂ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਾਰੇ ਹੀ ਮੈਂਬਰਾਂ ਨੂੰ ਸ਼ਨਾਖ਼ਤੀ ਕਾਰਡ ਦਿੱਤੇ ਗਏ। ਇਸ ਲਹਿਰ ਦੇ ਮੁਖੀ ਅੰਤਰਰਾਸਟਰੀ ਢਾਢੀ ਸਾਧੂ ਸਿੰਘ ਧੰਮੂ ਧੂੜਕੋਟ ਵਾਲਿਆਂ ਨੇ ਸ਼ੁਰੂ ਤੋਂ ਲੈਕੇ ਹੁਣ ਤੱਕ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਕ ਦੱਸਿਆ ਅਤੇ ਕੌਮੀ ਪ੍ਰਧਾਨ ਕਵੀਸ਼ਰ ਜਗਜੀਵਨ ਸਿੰਘ ਜੀਵਨ ਰੋਡਿਆਂ ਵਾਲਿਆਂ ਨੇ ਢਾਢੀਆਂ ਕਵੀਸ਼ਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਵਿਚਾਰ ਕਰਦਿਆਂ ਉਨ੍ਹਾਂ ਦੇ ਜਲਦੀ ਹੱਲ ਕਰਨ ਲਈ ਸਾਰਿਆਂ ਨੂੰ ਇੱਕਮੁੱਠ ਹੋਣ ਤੇ ਜੋਰ ਦਿੱਤਾ।

ਜਰਨਲ ਸਕੱਤਰ ਕਵੀਸ਼ਰ ਸੁਖਮੰਦਰ ਸਿੰਘ ਹਮਦਰਦ ਸਾਹੋਕੇ ਵਾਲਿਆਂ ਨੇ ਵੱਧ ਤੋਂ ਵੱਧ ਮੈਂਬਰਾਂ ਦੀ ਭਰਤੀ ਕਰਨ ਲਈ ਸੁਝਾਅ ਦਿੱਤੇ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿਚ ਬਣਾਈਆਂ ਜਾ ਰਹੀਆਂ ਇਕਾਈਆਂ ਬਾਰੇ ਦੱਸਿਆ।

ਇਸਤਰੀ ਵਿੰਗ ਜਿਲ੍ਹਾ ਮੋਗਾ ਦੇ ਪ੍ਰਧਾਨ ਢਾਢੀ ਦਲਜੀਤ ਕੌਰ ਡਾਲਾ ਨੇ ਕਿਹਾ ਇਸਤਰੀ ਵਿੰਗ ਦਿਨ ਰਾਤ ਮਿਹਨਤ ਕਰਕੇ ਇਸ ਲਹਿਰ ਨੂੰ ਲੋਕ ਲਹਿਰ ਬਣਾਉਣ ਲਈ ਆਪਣੇ ਭਾਈਚਾਰੇ ਦੇ ਨਾਲ ਖੜ੍ਹੇਗਾ।

ਮੀਤ ਪ੍ਰਧਾਨ ਬੀਬੀ ਮਹਿੰਦਰ ਕੌਰ ਬੇਗ਼ਮਪੁਰੀ, ਜਰਨਲ ਸਕੱਤਰ ਢਾਢੀ ਜਸਵਿੰਦਰ ਕੌਰ ਬਿੰਦੂ ਮੋਗਾ, ਬੀਬੀ ਮਨਜੀਤ ਕੌਰ ਚੁੱਘਾ ਕਲਾਂ, ਸਲਾਹਕਾਰ ਦਰਸ਼ਨ ਸਿੰਘ ਪੰਛੀ ਘੱਲ ਕਲਾਂ, ਨੇ ਵੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਨੈਬ ਸਿੰਘ ਸਿੱਧੂ ਪੰਜ ਗਰਾਈਂ ਖੁਰਦ, ਜੁਗਰਾਜ ਸਿੰਘ ਰਾਜਾ,ਨਾਇਬ ਸਿੰਘ ਕਲਿਆਣ, ਕੁਲਦੀਪ ਸਿੰਘ ਰੋਡੇ, ਬੀਬੀ ਲਛਮੀ ਕੌਰ, ਬੀਬੀ ਅਮਨਦੀਪ ਕੌਰ ਕਵੀਸ਼ਰ ਸਵਰਨ ਸਿੰਘ ਬਰਾੜ ਰੋਡੇ, ਮਨਮੋਹਨ ਸਿੰਘ ਚੀਮਾ ਆਦਿ ਹਾਜ਼ਰ ਸਨ। ਅਖੀਰ ਵਿੱਚ ਪਹੁੰਚੇ ਹੋਏ ਢਾਢੀ ਕਵੀਸ਼ਰ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਭਵਨਦੀਪ ਸਿੰਘ ਪੁਰਬਾ ਜੀ ਨੇ ਧੰਨਵਾਦ ਕੀਤਾ।

ਸੱਤ ਸਮੁੰਦਰੋਂ ਪਾਰ ਵਾਪਰਦੀਆਂ ਘਟਨਾਵਾਂ ਅਤੇ ਅੱਜ ਦੇ ਹਲਾਤਾ ਦੀ ਪਲ-ਪਲ ਦੀ ਜਾਣਕਾਰੀ ਲਈ 'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ ਦੀ ਵੈਬਸਾਈਟ ਤੇ ਕਲਿੱਕ ਕਰੋ ਜੀ!

www.mehakwatandilive.com

